ਆਕਾਸ਼ਵਾਣੀ ਜਲੰਧਰ

ਰਾਸ਼ਟਰੀ ਖਬਰਾਂ ਪੰਜਾਬੀ

19:30

ਮਿਤੀ :26-11-2026

ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ

- ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਕਿਹਾ ਏ ਕਿ ਭਾਰਤੀ ਨਿਆਂਪਾਲਿਕਾ, ਨੇ ਨਿਆਂ ਦੇ ਮੂਲ ਆਦਰਸ਼ਾਂ ਨੂੰ ਕਾਇਮ ਰਖਿਆ ਏ।

- ਭਾਰਤ ਤੇ ਸੇਸ਼ੇਲਸ ਨੇ ਲੋਕ-ਕੇਂਦਰਿਤ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ।

- ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਆਉਂਦੇ ਕੇਂਦਰੀ ਬਜਟ ਤੋਂ ਪਹਿਲਾਂ ਦੇ 13ਵੇਂ ਅਤੇ ਆਖਰੀ ਸਲਾਹ-ਮਸ਼ਵਰੇ ਦੀ ਪ੍ਰਧਾਨਗੀ ਕੀਤੀ।

- ਸੁਪਰੀਮ ਕੋਰਟ ਨੇ FSSAI ਨੂੰ ਭੋਜਨ ਉਤਪਾਦਾਂ 'ਤੇ ਪੈਕੇਟ ਦੇ ਸਾਹਮਣੇ ਵਾਲੇ ਪਾਸੇ ਪੋਸ਼ਣ ਲੇਬਲਿੰਗ ਨੂੰ ਮਜ਼ਬੂਤ ਬਣਾਉਣ ਦਾ ਨਿਰਦੇਸ਼ ਦਿੱਤਾ ਏ।

- ਦੋਹਾ ਵਿੱਚ ਮਰਦਾਂ ਦੇ ਏਸ਼ੀਆ ਕੱਪ ਰਾਈਜ਼ਿੰਗ ਸਟਾਰਸ ਟੂਰਨਾਮੈਂਟ ਦੇ ਪਹਿਲੇ ਸੈਮੀਫਾਈਨਲ ਵਿਚ ਭਾਰਤ A ਨੇ ਸ਼੍ਰੀ ਲੰਕਾ A ਸਾਹਮਣੇ ਜਿੱਤ ਲਈ 318 ਦੌੜਾਂ ਦਾ ਟੀਚਾ ਰੱਖਿਆ ਏ।

ਹੁਣ ਖਬਰਾਂ ਵਿਸਥਾਰ ਨਾਲ

ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਕਿਹਾ ਏ ਕਿ ਭਾਰਤੀ ਨਿਆਂਪਾਲਿਕਾ, ਬਦਲਦੇ ਹਾਲਾਤ ਅਤੇ ਉਮੀਦਾਂ ਮੁਤਾਬਿਕ, ਢਲਣ ਦੇ ਨਾਲ-ਨਾਲ, ਨਿਆਂ ਦੇ ਮੂਲ ਆਦਰਸ਼ਾਂ ਨੂੰ ਕਾਇਮ ਰੱਖ ਰਹੀ ਏ ਅਤੇ ਉਨ੍ਹਾਂ ਨੂੰ ਮਜ਼ਬੂਤ ਕਰ ਰਹੀ ਏ। ਰਾਸ਼ਟਰਪਤੀ ਅੱਜ ਸ਼ਾਮ ਨਵੀਂ ਦਿੱਲੀ ਵਿੱਚ ਸੁਪਰੀਮ ਕੋਰਟ ਵੱਲੋਂ ਕਰਾਏ ਗਏ 'ਸੰਵਿਧਾਨ ਦਿਵਸ' ਸਮਾਰੋਹ ਨੂੰ ਸੰਬੋਧਨ ਕਰ ਰਹੇ ਸਨ।

BYTE: PRESIDENT

ਉਨ੍ਹਾਂ ਕਿਹਾ ਕਿ ਪਿਛਲੇ ਸੱਤ ਤੋਂ ਅੱਠ ਦਹਾਕਿਆਂ ਦੌਰਾਨ, ਜੀਵਨ ਦੇ ਵੱਖ-ਵੱਖ ਖੇਤਰਾਂ ਵਿੱਚ ਮਹੱਤਵਪੂਰਨ ਬਦਲਾਅ ਆਏ ਨੇ। ਤਕਨਾਲੋਜੀ

ਅਤੇ ਮੀਡੀਆ ਦਾ ਪ੍ਰਭਾਵ ਲਗਾਤਾਰ ਵਧਿਆ ਏ ਅਤੇ ਇਨ੍ਹਾਂ ਦੀ ਪਹੁੰਚ ਤੇ ਅਸਰ ਪਹਿਲਾਂ ਨਾਲੋਂ ਕਿਤੇ ਵੱਧ ਵਿਆਪਕ ਅਤੇ ਡੂੰਘੀ ਹੋਈ ਏ।

ਰਾਸ਼ਟਰਪਤੀ ਨੇ ਕਿਹਾ ਕਿ ਭਾਰਤੀ ਨਿਆਂਪਾਲਿਕਾ ਨੇ ਸਮੇਂ-ਸਮੇਂ 'ਤੇ ਅਦਾਲਤੀ ਜਵਾਬਦੇਹੀ 'ਤੇ ਵਿਸ਼ੇਸ਼ ਜ਼ੋਰ ਦਿੱਤਾ ਏ।

ਉਪ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਨੇ ਅੱਜ ਕਿਹਾ ਏ ਕਿ ਭਾਰਤੀ ਸੰਵਿਧਾਨ ਸਿਰਫ਼ ਇੱਕ ਕਾਨੂੰਨੀ ਢਾਂਚਾ ਹੀ ਨਹੀਂ ਸਗੋਂ ਇਹ ਰਾਸ਼ਟਰ ਦੀ ਜੀਵੰਤ ਆਤਮਾ ਏ। ਅੱਜ ਨਵੀਂ ਦਿੱਲੀ ਵਿੱਚ ਸੰਵਿਧਾਨ ਦਿਵਸ ਸਮਾਗਮ ਨੂੰ ਸੰਬੋਧਨ ਕਰਦਿਆਂ, ਸ਼੍ਰੀ ਰਾਧਾਕ੍ਰਿਸ਼ਨਨ ਨੇ ਕਿਹਾ, ਸੰਵਿਧਾਨ ਦੇ ਨਿਰਮਾਤਾਵਾਂ ਨੇ ਆਜ਼ਾਦ ਭਾਰਤ ਨੂੰ ਅਜਿਹਾ ਸੰਵਿਧਾਨ ਦਿੱਤਾ ਜੋ ਲੋਕਾਂ ਦੀਆਂ ਇੱਛਾਵਾਂ ਨੂੰ ਦਰਸਾਉਂਦਾ ਏ।

ਉਪ ਰਾਸ਼ਟਰਪਤੀ ਨੇ ਇਸ ਮੌਕੇ 'ਤੇ 8ਵੀਂ ਅਨੁਸੂਚੀ ਦੀਆਂ ਸਾਰੀਆਂ ਅਨੁਸੂਚਿਤ ਭਾਸ਼ਾਵਾਂ ਵਿੱਚ ਭਾਰਤ ਦਾ ਸੰਵਿਧਾਨ ਵੀ ਜਾਰੀ ਕੀਤਾ । ਉਨ੍ਹਾਂ ਕਿਹਾ ਕਿ ਸਾਰੀਆਂ 22 ਅਨੁਸੂਚਿਤ ਭਾਸ਼ਾਵਾਂ ਵਿੱਚ ਸੰਵਿਧਾਨ ਜਾਰੀ ਕਰਨ ਨਾਲ ਭਾਰਤ ਦੀ ਭਾਸ਼ਾਈ ਭਿੰਨਤਾ, ਲੋਕਤੰਤਰੀ ਸਮਾਵੇਸ਼ ਅਤੇ ਸੰਵਿਧਾਨਕ ਕਦਰਾਂ-ਕੀਮਤਾਂ ਦਾ ਜਸ਼ਨ ਮਨਾਇਆ ਜਾਂਦਾ ਏ। ਉਨ੍ਹਾਂ ਕਿਹਾ ਕਿ ਦੁਨੀਆ ਵਿੱਚ ਕਿਧਰੇ ਵੀ ਇੰਨੀਆਂ ਵਿਸ਼ਾਲ ਭਾਸ਼ਾਵਾਂ ਵਿੱਚ ਕੋਈ ਸੰਵਿਧਾਨ ਉਪਲਬਧ ਨਹੀਂ ਏ।

ਉਪ ਰਾਸ਼ਟਰਪਤੀ ਨੇ ਸਾਥੀ ਦੇਸ਼ਵਾਸੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਡਾ. ਬੀ.ਆਰ. ਅੰਬੇਡਕਰ ਅਤੇ ਸੰਵਿਧਾਨ ਸਭਾ ਦੇ ਹੋਰ ਸਾਰੇ ਮਹਾਨ ਦਿੱਗਜਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸੰਵਿਧਾਨ ਦਿਵਸ 'ਤੇ ਹਿੰਦੀ ਅਤੇ ਅੰਗਰੇਜ਼ੀ ਦੇ ਰੋਜ਼ਾਨਾ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਇੱਕ ਲੇਖ ਵਿੱਚ, ਕਿਹਾ ਏ ਕਿ ਪਿਛਲੇ ਇੱਕ ਦਹਾਕੇ ਦੌਰਾਨ, ਸਰਕਾਰ ਨੇ ਨਾਗਰਿਕਾਂ ਦੇ ਫਰਜ਼ਾਂ 'ਤੇ ਵਿਸ਼ੇਸ਼ ਜ਼ੋਰ ਦਿੱਤਾ ਏ। ਸ੍ਰੀ ਮੋਦੀ ਨੇ ਦੇਸ਼ ਦੇ ਨਾਗਰਿਕਾਂ ਨੂੰ ਸੰਵਿਧਾਨ ਦੀ ਭਾਵਨਾ ਨੂੰ ਕਾਇਮ ਰੱਖਣ ਅਤੇ ਸਾਲ 2047 ਤੱਕ, ਵਿਕਸਿਤ ਭਾਰਤ ਦੇ ਨਿਰਮਾਣ ਲਈ, ਰਲ ਕੇ ਕੰਮ ਕਰਨ ਦਾ ਸੱਦਾ ਦਿੱਤਾ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਏ ਕਿ ਸੰਵਿਧਾਨ ਸਿਰਫ਼ ਸ਼ਾਸਨ ਲਈ ਇੱਕ ਮਾਰਗਦਰਸ਼ਕ ਨਹੀਂ, ਸਗੋਂ ਰਾਸ਼ਟਰ ਦੀਆਂ ਉਮੀਦਾਂ, ਇੱਛਾਵਾਂ ਅਤੇ ਕਦਰਾਂ-ਕੀਮਤਾਂ ਨੂੰ ਦਰਸਾਉਣ ਵਾਲਾ ਦਸਤਾਵੇਜ਼ ਏ । ਅੱਜ ਸ਼ਾਮ ਨਵੀਂ ਦਿੱਲੀ ਵਿੱਚ ਸੰਵਿਧਾਨ ਗੌਰਵ ਦਿਵਸ ਨੂੰ ਸੰਬੋਧਨ ਕਰਦਿਆਂ, ਸ਼੍ਰੀ ਸ਼ਾਹ ਨੇ ਕਿਹਾ ਕਿ, ਸੰਵਿਧਾਨ ਦਾ ਸਤਿਕਾਰ ਕਰਨਾ ਸਾਰੇ ਭਾਰਤੀਆਂ ਲਈ ਇੱਕ ਬਹੁਤ ਅਹਿਮ ਅਤੇ ਮਾਣ ਵਾਲੀ ਜ਼ਿੰਮੇਵਾਰੀ ਏ।

BYTE: AMIT SHAH

ਗ੍ਰਹਿ ਮੰਤਰੀ ਨੇ ਕਿਹਾ ਕਿ, 2015 ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਫੈਸਲਾ ਕੀਤਾ ਸੀ ਕਿ ਹਰ ਸਾਲ 26 ਨਵੰਬਰ ਨੂੰ ਸੰਵਿਧਾਨ ਦਿਵਸ ਵਜੋਂ ਮਨਾਇਆ ਜਾਵੇਗਾ, ਤਾਂ ਜੋ ਸੰਵਿਧਾਨ ਦੀਆਂ ਸਰਬਉੱਚ ਕਦਰਾਂ ਕੀਮਤਾਂ ਨੂੰ ਹਰ ਸਕੂਲ, ਕਾਲਜ ਅਤੇ ਸਾਰੇ ਨਾਗਰਿਕਾਂ ਤੱਕ ਪਹੁੰਚਾਇਆ ਜਾ ਸਕੇ।

ਲੋਕ ਸਭਾ ਸਪੀਕਰ ਓਮ ਬਿਰਲਾ ਨੇ ਕਿਹਾ ਏ ਕਿ ਭਾਰਤ ਦਾ ਸੰਵਿਧਾਨ, ਨਾ ਸਿਰਫ਼ ਦੇਸ਼ ਦਾ ਸਰਬੁੱਚ ਕਾਨੂੰਨ ਏ, ਸਗੋਂ ਇਹ ਲੋਕਰਾਜੀ ਕਦਰਾਂ-ਕੀਮਤਾਂ ਅਤੇ ਰਾਸ਼ਟਰੀ ਏਕਤਾ ਦਾ ਆਧਾਰ ਵੀ ਏ।

ਸ੍ਰੀ ਬਿਰਲਾ ਅੱਜ ਨਵੀਂ ਦਿੱਲੀ ਦੇ ਸੈਂਟਰਲ ਹਾਲ ਵਿੱਚ, ਸੰਵਿਧਾਨ ਦਿਵਸ ਦੇ ਮੌਕੇ 'ਤੇ, ਨੌਜਵਾਨ ਹਿੱਸੇਦਾਰਾਂ ਨੂੰ ਸੰਬੋਧਨ ਕਰ ਰਹੇ ਸਨ।

ਸੱਭਿਆਚਾਰ ਅਤੇ ਸੈਰ-ਸਪਾਟਾ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਕਿਹੈ ਕਿ ਜਿਸ ਸਮਾਜ ਵਿੱਚ ਆਪਣੇ ਅਤੀਤ ਦੀ ਯਾਦ ਨਹੀਂ ਹੁੰਦੀ, ਉਹ ਉਸ ਰੁੱਖ ਵਾਂਗ ਹੁੰਦਾ ਏ ਜਿਸਦੀਆਂ ਜੜ੍ਹਾਂ ਨਹੀਂ ਹੁੰਦੀਆਂ। ਉਨ੍ਹਾਂ ਇਹ ਗੱਲ ਅੱਜ ਨਵੀਂ ਦਿੱਲੀ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਸਮਾਗਮ ਵਿੱਚ ਸ਼ਾਮਿਲ ਹੁੰਦਿਆਂ ਕਹੀ। ਗੁਰੂ

ਤੇਗ ਬਹਾਦਰ ਸਾਹਿਬ ਜੀ ਦੀਆਂ ਸਿੱਖਿਆਵਾਂ ਦਾ ਹਵਾਲਾ ਦਿੰਦੇ ਹੋਏ, ਮੰਤਰੀ ਨੇ ਦੁਹਰਾਇਆ ਕਿ ਕਿਸੇ ਵਿਅਕਤੀ ਦੀ ਅਸਲ ਤਾਕਤ ਦੂਜਿਆਂ ਨੂੰ ਡਰਾਉਣ ਵਿੱਚ ਨਹੀਂ, ਸਗੋਂ, ਨਿਡਰ ਬਣਨ ਅਤੇ ਸੱਚ ਅਤੇ ਨਿਆਂ ਲਈ ਖੜ੍ਹੇ ਹੋਣ ਵਿੱਚ ਏ। ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਅੱਜ ਹੋਰ ਵੀ ਪ੍ਰਸੰਗਿਕ ਹੋ ਗਈ ਏ, ਕਿਉਂਕਿ ਦੇਸ਼ ਸੰਵਿਧਾਨ ਦਿਵਸ ਮਨਾ ਰਿਹਾ ਏ - ਜਿਸ ਦਿਨ 26 ਨਵੰਬਰ 1949 ਨੂੰ ਸੰਵਿਧਾਨ ਨੂੰ ਅਪਣਾਇਆ ਗਿਆ ਸੀ।

ਉਨ੍ਹਾਂ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਵਲੋਂ ਆਪਣੇ ਸ਼ਬਦਾਂ ਅਤੇ ਵਿਚਾਰਾਂ ਰਾਹੀਂ ਸਥਾਪਿਤ ਆਜ਼ਾਦੀ ਅਤੇ ਸਮਾਨਤਾ ਦਾ ਸੰਦੇਸ਼ ਉਹੀ ਆਜ਼ਾਦੀ ਅਤੇ ਸਮਾਨਤਾ ਦੀ ਭਾਵਨਾ ਏ, ਜੋ ਭਾਰਤੀ ਸੰਵਿਧਾਨ ਨੇ ਭਾਰਤ ਦੇ ਲੋਕਾਂ ਨੂੰ ਦਿੱਤੀ ਏ।

ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੇ ਅੱਜ ਨਵੀਂ ਦਿੱਲੀ ਵਿੱਚ, ਸੇਸ਼ੇਲਸ ਦੇ ਵਿਦੇਸ਼ ਮੰਤਰੀ, ਬੈਰੀ ਫੌਰੇ ਨਾਲ ਮੁਲਾਕਾਤ ਕੀਤੀ। ਦੋਵਾਂ ਨੇਤਾਵਾਂ ਨੇ ਸਿਹਤ, ਸੰਪਰਕ, ਹੁਨਰ ਵਿਕਾਸ, ਊਰਜਾ, ਸਾਈਬਰ ਸੁਰੱਖਿਆ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਦੇ ਖੇਤਰਾਂ ਵਿੱਚ ਸਹਿਯੋਗ ਵਧਾ ਕੇ, ਲੋਕ-ਕੇਂਦਰਿਤ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ। ਦੋਵਾਂ ਮੰਤਰੀਆਂ ਨੇ 'ਹਿੰਦ ਮਹਾਸਾਗਰ

ਐਸੋਸੀਏਸ਼ਨ' ਵਿੱਚ ਸਹਿਯੋਗ ਅਤੇ ਖੇਤਰੀ ਮੁੱਦਿਆਂ 'ਤੇ ਵੀ ਚਰਚਾ ਕੀਤੀ।

ਭਾਰਤ ਵਿੱਚ ਕਈ ਸਫ਼ਾਰਤੀ ਮਿਸ਼ਨਾਂ ਨੇ 26/11 ਦੇ ਮੁੰਬਈ ਦਹਿਸ਼ਤਗਰਦੀ ਹਮਲਿਆਂ ਦੇ ਪੀੜਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਦਹਿਸ਼ਤਗਰਦੀ ਖਿਲਾਫ ਲੜਾਈ ਵਿੱਚ ਭਾਰਤ ਨਾਲ ਆਪਣੀ ਇਕਜੁੱਟਤਾ ਦੁਹਰਾਈ ਏ। ਭਾਰਤ ਵਿੱਚ ਅਮਰੀਕਾ ਦੇ ਰਾਜਦੂਤ, ਸਰਜੀਓ ਗੋਰ ਨੇ 26/11 ਦੇ ਮੁੰਬਈ ਦਹਿਸ਼ਤਗਰਦੀ ਹਮਲਿਆਂ ਵਿੱਚ ਮਾਰੇ ਗਏ 166 ਲੋਕਾਂ, ਜਿਨ੍ਹਾਂ ਵਿੱਚ ਅਮਰੀਕਾ ਦੇ 6 ਨਾਗਰਿਕ ਵੀ ਸ਼ਾਮਲ ਸਨ, ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਦਹਿਸ਼ਤਗਰਦੀ ਖਿਲਾਫ ਲੜਾਈ ਵਿੱਚ ਭਾਰਤ ਨਾਲ ਹਮਾਇਤ ਦੁਹਰਾਈ।

ਇਸ ਭਿਆਨਕ ਦਹਿਸ਼ਤਗਰਦੀ ਹਮਲੇ ਦੀ 18ਵੀਂ ਵਰ੍ਹੇਗੰਢ 'ਤੇ, ਫਰਾਂਸ ਦੇ ਦੂਤਘਰ ਨੇ ਵੀ ਮਾਰੇ ਗਏ ਲੋਕਾਂ ਨੂੰ ਯਾਦ ਕੀਤਾ। ਇਨ੍ਹਾਂ ਵਿੱਚ ਫਰਾਂਸ ਦੇ ਦੋ ਨਾਗਰਿਕ ਵੀ ਸ਼ਾਮਲ ਸਨ। ਦੂਤਘਰ ਨੇ ਭਾਰਤ ਦੌਰੇ ਦੌਰਾਨ, ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਵੱਲੋਂ ਪੀੜਤਾਂ ਨੂੰ ਦਿੱਤੀ ਗਈ ਸ਼ਰਧਾਂਜਲੀ ਨੂੰ ਵੀ ਯਾਦ ਕੀਤਾ ਅਤੇ ਦਹਿਸ਼ਤਗਰਦੀ ਖਿਲਾਫ ਲੜਾਈ ਵਿੱਚ ਭਾਰਤ ਨਾਲ ਆਪਣੀ ਇਕਜੁੱਟਤਾ ਦੁਹਰਾਈ।

ਇਸ ਦੌਰਾਨ, ਭਾਰਤ ਵਿੱਚ ਈਰਾਨ ਦੇ ਦੂਤਘਰ ਨੇ ਵੀ ਨਿਰਦੋਸ਼ ਪੀੜਤਾਂ ਨੂੰ ਯਾਦ ਕੀਤਾ।

ਪਾਕਿਸਤਾਨ ਦੇ 'ਲਸ਼ਕਰ-ਏ-ਤਾਏਬਾ' ਦੇ ਦਹਿਸ਼ਤਗਰਦਾਂ ਵੱਲੋਂ ਕੀਤੇ ਗਏ 26/11 ਦੇ ਮੁੰਬਈ ਹਮਲਿਆਂ ਵਿੱਚ, 166 ਲੋਕਾਂ ਦੀ ਜਾਨ ਚਲੀ ਗਈ ਸੀ ਅਤੇ ਕਰੀਬ 300 ਲੋਕ ਜ਼ਖ਼ਮੀ ਹੋ ਗਏ ਨੇ।

ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਅੱਜ ਨਵੀਂ ਦਿੱਲੀ ਵਿੱਚ ਆਉਂਦੇ ਕੇਂਦਰੀ ਬਜਟ 2027-28 ਲਈ ਨੌਜਵਾਨਾਂ ਨਾਲ ਬਜਟ ਤੋਂ ਪਹਿਲਾਂ ਦੇ 13ਵੇਂ ਅਤੇ ਆਖਰੀ ਸਲਾਹ-ਮਸ਼ਵਰੇ ਦੀ ਪ੍ਰਧਾਨਗੀ ਕੀਤੀ। ਮੀਟਿੰਗ ਵਿੱਚ ਆਰਥਿਕ ਮਾਮਲੇ ਵਿਭਾਗ, ਸਿੱਖਿਆ ਮੰਤਰਾਲੇ ਅਤੇ ਨੌਜੁਆਨ ਮਾਮਲਿਆਂ ਤੇ ਖੇਡਾਂ ਬਾਰੇ ਮੰਤਰਾਲੇ ਦੇ ਸਕੱਤਰ ਵੀ ਸ਼ਾਮਿਲ ਹੋਏ।

ਸੁਪਰੀਮ ਕੋਰਟ ਨੇ ਭਾਰਤ ਦੀ ਖੁਰਾਕ ਸੁਰਖਿਆ ਤੇ ਮਿਆਰਾਂ ਬਾਰੇ ਅਥਾਰਟੀ (FSSAI) ਨੂੰ ਖਪਤਕਾਰਾਂ ਨੂੰ ਸਿਹਤਮੰਦ ਖੁਰਾਕ ਸੰਬੰਧੀ ਚੋਣਾਂ ਕਰਨ ਵਿੱਚ ਮਦਦ ਕਰਨ ਲਈ ਭੋਜਨ ਉਤਪਾਦਾਂ 'ਤੇ ਪੈਕੇਟ ਦੇ ਸਾਹਮਣੇ ਵਾਲੇ ਪਾਸੇ ਪੋਸ਼ਣ ਲੇਬਲਿੰਗ ਨੂੰ ਮਜ਼ਬੂਤ ਬਣਾਉਣ ਦਾ ਨਿਰਦੇਸ਼ ਦਿੱਤਾ ਏ।

ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਕੇ. ਵਿਨੋਦ ਚੰਦਰਨ ਦੇ ਬੈਂਚ ਨੇ ਫੈਸਲਾ ਸੁਣਾਇਆ ਕਿ ਲੇਬਲਾਂ ਵਿੱਚ ਕੁੱਲ ਖੰਡ ਅਤੇ ਸੰਤ੍ਰਿਪਤ ਚਰਬੀ ਨੂੰ

ਚੰਗੀ ਤਰ੍ਹਾਂ ਦੱਸਿਆ ਹੋਣਾ ਚਾਹੀਦਾ ਏ, ਖੰਡ ਅਤੇ ਚਰਬੀ ਦੇ ਨਾਲ-ਨਾਲ ਨਮਕ ਨੂੰ ਵੀ ਪੌਸ਼ਟਿਕ ਤੱਤਾਂ ਵਜੋਂ ਸ਼ਾਮਲ ਕੀਤਾ ਜਾਣਾ ਚਾਹੀਦਾ ਏ। ਅਦਾਲਤ ਨੇ FSSAI ਨੂੰ ਇਹ ਵੀ ਨਿਰਦੇਸ਼ ਦਿੱਤਾ ਕਿ ਉਹ ਤਿੰਨਾਂ ਪੌਸ਼ਟਿਕ ਤੱਤਾਂ ਵਿੱਚੋਂ ਹਰੇਕ ਲਈ ਇੱਕ ਸਾਂਝੇ ਚਿੰਨ੍ਹ ਦੀ ਬਜਾਏ, ਵੱਖਰੇ ਛੇ-ਭੁਜ ਚਿੰਨ੍ਹ ਪ੍ਰਦਾਨ ਕਰੇ।

ਅਦਾਲਤ ਨੇ ਕਿਹਾ ਕਿ ਲੇਬਲਿੰਗ ਪ੍ਰਣਾਲੀ ਨੂੰ ਖੁਰਾਕ ਸੁਰਖਿਆ ਨੇਮ੍ਬ੍ਧੀ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਸਹਿਮਤੀ ਨਾਲ ਮੇਲ ਖਾਂਦਾ ਹੋਣਾ ਚਾਹੀਦਾ ਏ, ਜੋ 2024 ਦੇ ਭਾਰਤੀਆਂ ਲਈ ਖੁਰਾਕ ਦਿਸ਼ਾ-ਨਿਰਦੇਸ਼ਾਂ ਤੋਂ ਪਹਿਲਾਂ ਮੌਜੂਦ ਸੀ।

ਸੋਭਾ ਸਿੰਘ ਮੈਮੋਰੀਅਲ ਆਰਟ ਸੋਸਾਇਟੀ (SSMAS) ਭਲਕੇ 27 ਨਵੰਬਰ ਨੂੰ ਇਸ ਉੱਘੇ ਕਲਾਕਾਰ ਦੀ 125ਵੀਂ ਜਨਮ ਵਰ੍ਹੇਗੰਢ ਮਨਾ ਰਹੀ ਏ।

ਭਾਰਤ ਸਰਕਾਰ ਵੱਲੋਂ ਉੱਘੇ ਕਲਾਕਾਰ ਸੋਭਾ ਸਿੰਘ ਦੇ ਜਨਮ ਦਿਵਸ ਦੇ ਮੌਕੇ 'ਤੇ ਉਨ੍ਹਾਂ ਦੇ ਸਨਮਾਨ ਵਿੱਚ 125 ਰੁਪਏ ਮੁੱਲ ਦਾ ਇੱਕ ਯਾਦਗਾਰੀ ਸਿੱਕਾ ਜਾਰੀ ਕੀਤਾ ਜਾਏਗਾ।

ਦੋਹਾ ਵਿੱਚ ਮਰਦਾਂ ਦੇ ਏਸ਼ੀਆ ਕੱਪ ਰਾਈਜ਼ਿੰਗ ਸਟਾਰਸ ਟੂਰਨਾਮੈਂਟ ਦੇ ਪਹਿਲੇ ਸੈਮੀਫਾਈਨਲ ਵਿੱਚ, ਭਾਰਤ A ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ, ਸ਼੍ਰੀਲੰਕਾ A ਸਾਹਮਣੇ ਜਿੱਤ ਲਈ 318 ਦੌੜਾਂ ਦਾ ਟੀਚਾ ਰੱਖਿਆ ਏ।

ਜਲੰਧਰ ਵਿਖੇ ਓਲੰਪੀਅਨ ਸੁਰਜੀਤ ਹਾਕੀ ਸਟੇਡੀਅਮ 'ਚ ਖੇਡੇ ਜਾ ਰਹੇ 43ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ’ਚ ਅੱਜ ਖੇਡੇ ਗਏ ਮੈਚਾਂ 'ਚ CAG ਦਿੱਲੀ ਨੇ IAF ਦਿੱਲੀ ਨੂੰ PENALTY ਸ਼ੂਟਆਉਟ 'ਚ 3 - 2 ਨਾਲ ਹਰਾਇਆ ਜਦਕਿ ਇੰਡੀਅਨ OIL ਨੇ PNB ਦਿੱਲੀ ਨੂੰ 2 -1 ਦੇ ਫਰਕ ਨਾਲ ਹਰਾਇਆ। ਇੱਕ ਹੋਰ ਮੈਚ ਵਿਚ RCF KAPURTHALA ਨੇ BHARAT PETROLEUM ਨੂੰ 3 - 0 ਦੇ ਫਰਕ ਨਾਲ ਹਰਾਇਆ।

- ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਕਿਹਾ ਏ ਕਿ ਭਾਰਤੀ ਨਿਆਂਪਾਲਿਕਾ, ਨੇ ਨਿਆਂ ਦੇ ਮੂਲ ਆਦਰਸ਼ਾਂ ਨੂੰ ਕਾਇਮ ਰਖਿਆ ਏ।

- ਭਾਰਤ ਤੇ ਸੇਸ਼ੇਲਸ ਨੇ ਲੋਕ-ਕੇਂਦਰਿਤ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ।

- ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਆਉਂਦੇ ਕੇਂਦਰੀ ਬਜਟ ਤੋਂ ਪਹਿਲਾਂ ਦੇ 13ਵੇਂ ਅਤੇ ਆਖਰੀ ਸਲਾਹ-ਮਸ਼ਵਰੇ ਦੀ ਪ੍ਰਧਾਨਗੀ ਕੀਤੀ।

- ਸੁਪਰੀਮ ਕੋਰਟ ਨੇ FSSAI ਨੂੰ ਭੋਜਨ ਉਤਪਾਦਾਂ 'ਤੇ ਪੈਕੇਟ ਦੇ ਸਾਹਮਣੇ ਵਾਲੇ ਪਾਸੇ ਪੋਸ਼ਣ ਲੇਬਲਿੰਗ ਨੂੰ ਮਜ਼ਬੂਤ ਬਣਾਉਣ ਦਾ ਨਿਰਦੇਸ਼ ਦਿੱਤਾ ਏ।

- ਦੋਹਾ ਵਿੱਚ ਮਰਦਾਂ ਦੇ ਏਸ਼ੀਆ ਕੱਪ ਰਾਈਜ਼ਿੰਗ ਸਟਾਰਸ ਟੂਰਨਾਮੈਂਟ ਦੇ ਪਹਿਲੇ ਸੈਮੀਫਾਈਨਲ ਵਿਚ ਭਾਰਤ A ਨੇ ਸ਼੍ਰੀ ਲੰਕਾ A ਸਾਹਮਣੇ ਜਿੱਤ ਲਈ 318 ਦੌੜਾਂ ਦਾ ਟੀਚਾ ਰੱਖਿਆ ਏ।

ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਰਾਸ਼ਟਰੀ ਖ਼ਬਰਾਂ ਦਾ ਬੁਲੇਟਿਨ, ਭਲਕੇ ਸਵੇਰੇ 8 ਵਜ ਕੇ 30 ਮਿੰਟ 'ਤੇ ਹੋਏਗਾ। ਨਮਸਕਾਰ!